BreastScreen Victoria

# ਤੁਹਾਡੇ ਮੁਲਾਂਕਣ ਦੌਰੇ ਬਾਰੇ

## ਇਹ ਦਸਤਾਵੇਜ਼ ਇਸ ਬਾਰੇ ਜਾਣਕਾਰੀ ਦਿੰਦਾ ਹੈ ਕਿ ਜਦੋਂ ਤੁਹਾਨੂੰ ਹੋਰ ਟੈਸਟਾਂ ਲਈ BreastScreen Victoria ਵੱਲੋਂ ਵਾਪਸ ਆਉਣ ਲਈ ਕਿਹਾ ਜਾਂਦਾ ਹੈ, ਤਾਂ ਕੀ ਹੁੰਦਾ ਹੈ।

### ਮੈਨੂੰ ਹੋਰ ਟੈਸਟਾਂ ਲਈ ਵਾਪਸ ਆਉਣ ਲਈ ਕਿਉਂ ਕਿਹਾ ਗਿਆ ਹੈ?

ਅਸੀਂ ਤੁਹਾਨੂੰ ਹੋਰ ਟੈਸਟਾਂ ਲਈ BreastScreen Victoria ਵਿਖੇ ਵਾਪਸ ਆਉਣ ਲਈ ਇਸ ਕਰਕੇ ਕਿਹਾ ਹੈ ਕਿਉਂਕਿ ਤੁਹਾਡੀ ਛਾਤੀ ਦੀ ਜਾਂਚ (ਮੈਮੋਗ੍ਰਾਮ) ਵਿੱਚ ਇੱਕ ਅਜਿਹਾ ਹਿੱਸਾ ਹੈ ਜਿਸ ਦੀ ਹੋਰ ਜਾਂਚ ਦੀ ਲੋੜ ਹੈ। ਅਸੀਂ ਇਸਨੂੰ "ਐਸੈੱਸਮੈਂਟ (ਮੁਲਾਂਕਣ)" ਕਹਿੰਦੇ ਹਾਂ।। ਜ਼ਿਆਦਾਤਰ ਗਾਹਕ ਜਿਨ੍ਹਾਂ ਨੂੰ BreastScreen Victoria ਵਾਪਸ ਬੁਲਾਇਆ ਜਾਂਦਾ ਹੈ, ਉਨ੍ਹਾਂ ਨੂੰ ਛਾਤੀ ਦਾ ਕੈਂਸਰ ਨਹੀਂ ਹੁੰਦਾ।

### ਅੱਗੇ ਦੇ ਹੋਰ ਟੈਸਟਾਂ ਦੀ ਕੀਮਤ ਕਿੰਨੀ ਹੋਵੇਗੀ?

BreastScreen Victoria ਵਿਖੇ, ਅਸੀਂ ਅੱਗੇ ਦੇ ਸਾਰੇ ਹੋਰ ਟੈਸਟ ਮੁਫ਼ਤ ਪ੍ਰਦਾਨ ਕਰਦੇ ਹਾਂ।

### ਆਪਣੀ ਅਪੌਇੰਟਮੈਂਟ ਤੋਂ ਪਹਿਲਾਂ ਮੈਂ ਕਿਸ ਨਾਲ ਗੱਲ ਕਰ ਸਕਦੀ ਹਾਂ?

ਆਪਣੀ ਅਪੌਇੰਟਮੈਂਟ ਤੋਂ ਪਹਿਲਾਂ ਤੁਸੀਂ ਕਿਸੇ ਸਿਖਲਾਈ ਪ੍ਰਾਪਤ ਨਰਸ ਸਲਾਹਕਾਰ ਨਾਲ ਗੱਲ ਕਰ ਸਕਦੇ ਹੋ। ਕਿਰਪਾ ਕਰਕੇ ਆਪਣੇ ਮੁਲਾਂਕਣ ਕਲੀਨਿਕ ਨੂੰ ਸਿੱਧਾ ਫ਼ੋਨ ਕਰੋ; ਅਸੀਂ ਮੁਲਾਂਕਣ ਵਾਲੀਆਂ ਸਾਰੀਆਂ ਚਿੱਠੀਆਂ ਵਿੱਚ ਸੰਬੰਧਿਤ ਫ਼ੋਨ ਨੰਬਰ ਪ੍ਰਦਾਨ ਕਰਦੇ ਹਾਂ।

### ਮੇਰੀ ਅਪੌਇੰਟਮੈਂਟ 'ਤੇ ਕੀ ਹੋਵੇਗਾ?

ਮੁਲਾਂਕਣ ਕਲੀਨਿਕ ਵਿਖੇ ਪਹੁੰਚਣ 'ਤੇ, ਤੁਹਾਨੂੰ ਨਰਸ ਸਲਾਹਕਾਰ ਮਿਲੇਗੀ ਜੋ ਸਮਝਾਏਗੀ ਕਿ ਅੱਗੇ ਕੀ ਹੋਣ ਵਾਲਾ ਹੈ। ਤੁਹਾਨੂੰ ਇੱਕ ਸਹਿਮਤੀ ਫਾਰਮ ਨੂੰ ਪੜ੍ਹਨ ਅਤੇ ਦਸਤਖ਼ਤ ਕਰਨ ਲਈ ਕਿਹਾ ਜਾਵੇਗਾ, ਤਾਂ ਜੋ ਮੁਲਾਂਕਣ ਟੀਮ ਲੋੜੀਂਦੇ ਟੈਸਟ ਕਰ ਸਕੇ। ਨਰਸ ਸਲਾਹਕਾਰ ਸਹਿਮਤੀ ਫਾਰਮ ਅਤੇ ਮੁਲਾਂਕਣ ਪ੍ਰਕਿਰਿਆ ਬਾਰੇ ਤੁਹਾਡੇ ਕਿਸੇ ਵੀ ਸਵਾਲਾਂ ਦਾ ਜਵਾਬ ਦੇਵੇਗੀ। ਫਿਰ, ਮਾਹਰਾਂ ਦੀ ਇਕ ਟੀਮ ਤੁਹਾਡੀ ਛਾਤੀ ਦੇ ਉਸ ਹਿੱਸੇ ਦੀ ਜਾਂਚ ਕਰੇਗੀ ਜਿਸ ਦੀ ਹੋਰ ਜਾਂਚ ਦੀ ਲੋੜ ਹੈ।

ਮੁਲਾਂਕਣ ਟੀਮ ਤੁਹਾਡੇ ਪੂਰੇ ਦੌਰੇ ਦੌਰਾਨ ਤੁਹਾਡੀ ਸਹਾਇਤਾ ਕਰੇਗੀ।

### ਮੇਰੀ ਅਪੌਇੰਟਮੈਂਟ ਵਿੱਚ ਕਿੰਨਾ ਸਮਾਂ ਲੱਗੇਗਾ?

ਕਿਰਪਾ ਕਰਕੇ ਆਪਣੀ ਅਪੌਇੰਟਮੈਂਟ ਲਈ ਮੁਲਾਂਕਣ ਕਲੀਨਿਕ ਨੂੰ ਅੱਧੇ ਦਿਨ ਤੱਕ ਦਾ ਸਮਾਂ ਦਿਓ। ਅਸੀਂ ਤੁਹਾਡੀ ਕੰਮ ਦੀ ਜਗ੍ਹਾ ਲਈ ਹਾਜ਼ਰੀ ਦਾ ਸਰਟੀਫਿਕੇਟ ਪ੍ਰਦਾਨ ਕਰ ਸਕਦੇ ਹਾਂ।

### ਮੈਨੂੰ ਕਿਹੜੇ ਟੈਸਟਾਂ ਦੀ ਲੋੜ ਪਵੇਗੀ?

ਤੁਹਾਨੂੰ ਹੇਠ ਲਿਖਿਆਂ ਵਿੱਚੋਂ ਕੁਝ ਜਾਂ ਸਾਰੇ ਟੈਸਟਾਂ ਦੀ ਲੋੜ ਪਵੇਗੀ:

- **3D ਮੈਮੋਗ੍ਰਾਮ** - ਅਸੀਂ ਛਾਤੀ ਦੇ ਉਸ ਹਿੱਸੇ ਦੀ, ਜਿਸ ਦੀ ਜਾਂਚ ਦੀ ਲੋੜ ਹੁੰਦੀ ਹੈ, ਵਧੇਰੇ ਵਿਸਥਾਰ ਪੂਰਵਕ ਚਿੱਤਰ ਲੈਣ ਲਈ ਆਪਣੇ ਮੁਲਾਂਕਣ ਕਲੀਨਿਕਾਂ ਵਿਖੇ ਇਕ ਉੱਨਤ ਕਿਸਮ ਦੀ ਮੈਮੋਗ੍ਰਾਫੀ ਦੀ ਵਰਤੋਂ ਕਰਦੇ ਹਾਂ। ਇਸ ਨੂੰ 3D ਮੈਮੋਗ੍ਰਾਫੀ ਜਾਂ ਟੋਮੋਸਿੰਥੈਸਿਸ ਕਿਹਾ ਜਾਂਦਾ ਹੈ। 3D ਮੈਮੋਗ੍ਰਾਫੀ ਵੱਖ-ਵੱਖ ਕੋਣਾਂ ਤੋਂ ਕਈ ਐਕਸ-ਰੇ ਚਿੱਤਰ (ਆਮ ਤੌਰ 'ਤੇ 11-25) ਲੈਂਦੀ ਹੈ ਅਤੇ 3D ਚਿੱਤਰ ਬਣਾਉਣ ਲਈ ਉਹਨਾਂ ਨੂੰ ਆਪਸ ਵਿੱਚ ਜੋੜਦੀ ਹੈ।
- **ਛਾਤੀ ਦਾ ਅਲਟਰਾਸਾਊਂਡ** – ਅਸੀਂ ਤੁਹਾਡੀ ਛਾਤੀ ਦੇ ਟਿਸ਼ੂਆਂ ਨੂੰ ਵਧੇਰੇ ਵਿਸਥਾਰ ਵਿੱਚ ਦੇਖਣ ਲਈ ਅਲਟਰਾਸਾਊਂਡ ਦੀ ਵਰਤੋਂ ਕਰ ਸਕਦੇ ਹਾਂ। ਅਲਟਰਾਸਾਊਂਡ ਲੈਣ ਲਈ, ਅਸੀਂ ਛਾਤੀ 'ਤੇ ਜੈੱਲ ਲਗਾਉਂਦੇ ਹਾਂ ਅਤੇ ਤੁਹਾਡੀ ਚਮੜੀ ਉੱਪਰ ਜਾਂਚ ਕਰਨ ਵਾਲਾ ਜੰਤਰ ਰੱਖਦੇ ਹਾਂ। ਅਲਟਰਾਸਾਊਂਡ ਦਰਦ ਵਾਲਾ ਜਾਂ ਅਸਹਿਜ ਨਹੀਂ ਹੋਣਾ ਚਾਹੀਦਾ ਹੈ।
- **ਛਾਤੀ ਦੀ ਜਾਂਚ** – ਡਾਕਟਰ ਛਾਤੀ ਵਿੱਚ ਕਿਸੇ ਵੀ ਤਬਦੀਲੀਆਂ ਦੀ ਜਾਂਚ ਕਰ ਸਕਦੀ ਹੈ ਜੋ ਉਹ ਦੇਖ ਜਾਂ ਮਹਿਸੂਸ ਕਰ ਸਕਦੀ ਹੈ।
- **ਬ੍ਰੈਸਟ ਕੋਰ ਬਾਇਓਪਸੀ** – ਡਾਕਟਰ ਛਾਤੀ ਦੇ ਉਸ ਹਿੱਸੇ ਤੋਂ ਸੈੱਲਾਂ ਜਾਂ ਟਿਸ਼ੂ ਦਾ ਇਕ ਛੋਟਾ ਜਿਹਾ ਨਮੂਨਾ ਲੈਣ ਲਈ ਸੂਈ ਦੀ ਵਰਤੋਂ ਕਰ ਸਕਦੀ ਹੈ, ਜਿਸ ਨੂੰ ਅਗਲੇਰੀ ਜਾਂਚ ਦੀ ਲੋੜ ਹੁੰਦੀ ਹੈ। ਜੇ ਤੁਹਾਨੂੰ ਬਾਇਓਪਸੀ ਦੀ ਲੋੜ ਹੈ ਤਾਂ ਉਸ ਸਮੇਂ ਤੁਹਾਨੂੰ ਹੋਰ ਜਾਣਕਾਰੀ ਦਿੱਤੀ ਜਾਵੇਗੀ।

ਕਿਰਪਾ ਕਰਕੇ ਆਪਣੀ ਮੁਲਾਂਕਣ ਟੀਮ ਨਾਲ ਆਪਣੀਆਂ ਕਿਸੇ ਵੀ ਚਿੰਤਾਵਾਂ ਉੱਤੇ ਗੱਲ ਕਰੋ।

### ਮੇਰੀਆਂ ਚੋਣਾਂ ਕੀ ਹਨ?

ਤੁਸੀਂ ਆਪਣੀ ਸਹਿਮਤੀ ਵਾਪਸ ਲੈ ਸਕਦੇ ਹੋ, ਅਤੇ ਕਿਸੇ ਵੀ ਸਮੇਂ ਟੈਸਟਾਂ ਨੂੰ ਰੋਕਣ ਲਈ ਕਹਿ ਸਕਦੇ ਹੋ।

### ਮੈਨੂੰ ਆਪਣੇ ਨਤੀਜੇ ਕਦੋਂ ਮਿਲਣਗੇ?

ਜ਼ਿਆਦਾਤਰ ਮਾਮਲਿਆਂ ਵਿੱਚ, ਅਸੀਂ ਤੁਹਾਡੀ ਮੁਲਾਂਕਣ ਮੁਲਾਕਾਤ ਵਾਲੇ ਦਿਨ ਤੁਹਾਡੇ ਨਤੀਜੇ ਦੇਣ ਦੇ ਯੋਗ ਹੋਵਾਂਗੇ। ਹਾਲਾਂਕਿ, ਬਾਇਓਪਸੀ ਦੇ ਨਤੀਜਿਆਂ ਵਿੱਚ, 1 ਹਫ਼ਤੇ ਤੱਕ ਦਾ ਸਮਾਂ ਲੱਗ ਸਕਦਾ ਹੈ। ਅਸੀਂ ਤੁਹਾਡੇ ਨਤੀਜਿਆਂ ਦੀ ਕਾਪੀ ਤੁਹਾਡੇ ਡਾਕਟਰ ਨੂੰ ਵੀ ਭੇਜਾਂਗੇ।



ਦੂਸਰੇ ਪਾਸੇ ਦੇਖੋ →

## ਅੱਗੇ ਕੀ ਹੁੰਦਾ ਹੈ?

ਜੇ ਤੁਹਾਡੀ ਮੁਲਾਂਕਣ ਮੁਲਾਕਾਤ ਵਾਲੇ ਦਿਨ ਸਾਨੂੰ ਛਾਤੀ ਦੇ ਕੈਂਸਰ ਦੇ ਕੋਈ ਸੰਕੇਤ ਨਹੀਂ ਮਿਲਦੇ, ਤਾਂ ਅਸੀਂ ਤੁਹਾਨੂੰ 2 ਸਾਲਾਂ ਵਿੱਚ ਬਕਾਇਦਾ ਛਾਤੀ ਦੀ ਜਾਂਚ ਲਈ ਦੁਬਾਰਾ ਆਉਣ ਲਈ ਸੱਦਾ ਦੇਵਾਂਗੇ।

## ਜੇ ਤੁਹਾਨੂੰ ਛਾਤੀ ਦਾ ਕੈਂਸਰ ਹੋ ਜਾਂਦਾ ਹੈ ਤਾਂ ਕੀ ਹੋਵੇਗਾ?

ਅਸੀਂ ਅਗਲੇਰੇ ਟੈਸਟਾਂ ਤੋਂ ਬਾਅਦ ਛੋਟੀ ਜਿਹੀ ਗਿਣਤੀ ਵਿੱਚ ਛਾਤੀ ਦੇ ਕੈਂਸਰ ਵਾਲੇ ਗਾਹਕਾਂ ਦੀ ਪਛਾਣ ਕਰਦੇ ਹਾਂ।

ਜੇ ਸਾਨੂੰ ਤੁਹਾਡੇ ਮੁਲਾਂਕਣ ਦੌਰਾਨ ਛਾਤੀ ਦਾ ਕੈਂਸਰ ਮਿਲਦਾ ਹੈ, ਤਾਂ ਅਸੀਂ ਨਤੀਜਿਆਂ ਅਤੇ ਅਗਲੇ ਕਦਮਾਂ ਬਾਰੇ ਵਿਚਾਰ-ਵਟਾਂਦਰਾ ਕਰਨ ਲਈ ਤੁਹਾਡੇ ਲਈ ਕਿਸੇ ਡਾਕਟਰ ਅਤੇ ਨਰਸ ਸਲਾਹਕਾਰ ਨਾਲ ਮਿਲਣ ਦਾ ਪ੍ਰਬੰਧ ਕਰਾਂਗੇ। ਫਿਰ ਅਸੀਂ ਤੁਹਾਨੂੰ ਤੁਹਾਡੇ ਨਿਯਮਤ ਡਾਕਟਰ ਕੋਲ ਵਾਪਸ ਭੇਜਾਂਗੇ ਜੋ ਤੁਹਾਡੀ ਆਗਾਮੀ ਦੇਖਭਾਲ ਦਾ ਪ੍ਰਬੰਧ ਕਰੇਗਾ।

ਛਾਤੀ ਦੀ ਜਾਂਚ ਦੌਰਾਨ ਲੱਭੇ ਜਾਣ ਵਾਲੇ ਜ਼ਿਆਦਾਤਰ ਛਾਤੀ ਦੇ ਕੈਂਸਰ ਅਜੇ ਵੀ ਸ਼ੁਰੂਆਤੀ ਪੜਾਅ 'ਤੇ ਹੁੰਦੇ ਹਨ। ਜਿੰਨੀ ਜਲਦੀ ਕੈਂਸਰ ਦਾ ਪਤਾ ਲੱਗਦਾ ਹੈ, ਓਨਾ ਹੀ ਵਧੇਰੇ ਸਫ਼ਲ ਇਲਾਜ ਹੋਣ ਦੀ ਸੰਭਾਵਨਾ ਹੁੰਦੀ ਹੈ।

ਵਧੇਰੇ ਜਾਣਕਾਰੀ ਲਈ, breastscreen.org.au ਤੇ ਜਾਓ

**breastscreen.org.au 'ਤੇ ਜਾ ਕੇ ਬੁੱਕ ਕਰੋ, ਜਾਂ 13 20 50 'ਤੇ ਫ਼ੋਨ ਕਰਕੇ ਬੁੱਕ ਕਰੋ**

ਜੇ ਤੁਹਾਨੂੰ ਸੁਣਨ ਜਾਂ ਬੋਲਣ ਵਿੱਚ ਮੁਸ਼ਕਿਲਾਂ ਹਨ ਤਾਂ ਇੱਥੇ ਫ਼ੋਨ ਕਰੋ: **TTY 13 36 77**

ਵਧੇਰੇ ਜਾਣਕਾਰੀ ਲਈ, ਜਾਂ ਆਪਣੇ ਵੇਰਵਿਆਂ ਨੂੰ ਬਦਲਣ ਲਈ, **breastscreen.org.au** 'ਤੇ ਜਾ ਕੇ ਬੁੱਕ ਕਰੋ, ਜਾਂ **13 20 50** 'ਤੇ ਫ਼ੋਨ ਕਰੋ

ਦੁਭਾਸ਼ੀਏ ਦੀ ਸਹਾਇਤਾ ਲਈ, **13 14 50** 'ਤੇ ਫ਼ੋਨ ਕਰੋ

ਅਨੁਵਾਦ ਕੀਤੀ ਜਾਣਕਾਰੀ ਲਈ, ਇੱਥੇ ਜਾਓ: **breastscreen.org.au/translations**

BreastScreen Victoria ਵਿਕਟੋਰੀਆ ਸਰਕਾਰ ਦੇ ਸਹਿਯੋਗ ਨੂੰ ਸਵੀਕਾਰ ਕਰਦੀ ਹੈ।



© 2023 BreastScreen Victoria. ਸਾਰੇ ਅਧਿਕਾਰ ਰਾਖਵੇਂ ਹਨ

ਅਪ੍ਰੈਲ 2023 FS9/0423